[redacted]

# ਪੰਜਾਬ ਵਿਧਾਨ ਸਭਾ ਸਕੱਤਰੇਤ

**ਵੀਰਵਾਰ, ਮਿਤੀ 22 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।**

## ਐਸ ਐਸ ਏ ਸਕੀਮ ਅਧੀਨ ਵਿਦਿਆਰਥੀਆਂ ਨੂੰ ਵਰਦੀਆਂ ਦੇਣਾ

96. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਸਾਲ 2011 ਤੋਂ 2016 ਤਕ ਸਰਵ ਸਿੱਖਿਆ ਅਭਿਆਨ ਸਕੀਮ ਤਹਿਤ ਵਿਦਿਆਰਥੀਆਂ ਨੂੰ 2 ਸੈੱਟ ਵਰਦੀ ਦੇ ਦੇਣ ਦੀ ਥਾਂ ਪੰਜਾਬ ਸਰਕਾਰ ਵਲੋਂ ਸਿਰਫ ਇਕ ਸੈੱਟ ਹੀ ਵਰਦੀ ਦਾ ਦਿੱਤਾ ਗਿਆ;

ਅ) ਕੀ ਇਹ ਵੀ ਠੀਕ ਹੈ ਕਿ ਸਾਲ 2013-14 ਵਿਚ 16,46,949 ਵਿਦਿਆਰਥੀਆਂ ਨੂੰ ਵਰਦੀ ਦਿੱਤੀ ਜਾਣੀ ਸੀ ਪਰੰਤੂ 15,63,588 ਵਿਦਿਆਰਥੀਆਂ ਨੂੰ ਦਿੱਤੀ ਗਈ ਅਤੇ ਬਾਕੀ 83361 ਵਿਦਿਆਰਥੀਆਂ ਨੂੰ ਇਕ ਵੀ ਵਰਦੀ ਨਹੀਂ ਦਿੱਤੀ ਗਈ;

ੲ) ਕੀ ਇਹ ਵੀ ਠੀਕ ਹੈ ਕਿ ਸਾਲ 2014-16 ਦੌਰਾਨ ਰਾਜ ਸਰਕਾਰ ਨੇ ਆਪਣਾ 48.48 ਕਰੋੜ ਰੁਪਿਆ ਦਾ ਹਿੱਸਾ ਜਾਰੀ ਨਹੀ ਕੀਤਾ;

ਸ) ਕੀ ਇਹ ਵੀ ਠੀਕ ਹੈ ਕਿ ਲਾਜ਼ਮੀ ਸਿੱਖਿਆ ਅਧਿਕਾਰ ਕਾਨੂੰਨ 2009, ਅਪ੍ਰੈਲ 2010 ਤੋਂ ਲਾਗੂ ਕਰਨ ਦੀ ਬਜਾਏ ਅਕਤੂਬਰ 2011 ਵਿਚ ਲਾਗੂ ਕਰਨ ਕਾਰਨ ਕੇਂਦਰ ਸਰਕਾਰ ਵਲੋਂ 114.36 ਕਰੋੜ ਰੁਪਏ ਜਾਰੀ ਨਹੀਂ ਕੀਤੇ;

ਹ) ਜੇਕਰ ਉਪਰੋਕਤ ਦਾ ਉਤੱਰ ਹਾਂ ਵਿਚ ਹੋਵੇ ਤਾਂ ਇਸ ਦੇ ਲਈ ਕਿਹੜਾ ਅਧਿਕਾਰੀ ਜ਼ਿੰਮੇਵਾਰ ਹੈ, ਪੰਜਾਬ ਸਰਕਾਰ ਉਸ ਦੇ ਖਿਲਾਫ ਕੀ ਕਾਰਵਾਈ ਕਰ ਰਹੀ ਹੈ ਅਤੇ ਅਗਾਂਹ ਤੋਂ ਅਜਿਹਾ ਨਾ ਹੋਵੇ ਬਾਰੇ ਪੰਜਾਬ ਸਰਕਾਰ ਕੀ ਕਦਮ ਉਠਾ ਰਹੀ ਹੈ?

## ਪਿੰਡ ਲਦਾਲ ਬਲਾਕ ਲਹਿਰਾਗਾਗਾ ਨੂੰ ਦਿੱਤੀ ਗ੍ਰਾਂਟ ਦੇ ਵੇਰਵੇ

117. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪਿੰਡ ਲਦਾਲ, ਬਲਾਕ ਲਹਿਰਾਗਾਗਾ ਜ਼ਿਲ੍ਹਾ ਸੰਗਰੂਰ ਨੂੰ 2010 ਤੋਂ ਲੈ ਕੇ ਮਾਰਚ 2017 ਤੱਕ ਕੋਈ ਗਰਾਂਟ ਪੰਜਾਬ ਸਰਕਾਰ ਦੁਆਰਾ ਦਿੱਤੀ ਗਈ ਸੀ; ਜੇਕਰ ਅਜਿਹਾ ਹੋਵੇ ਤਾਂ ਉਕਤ ਗਰਾਂਟ ਕਿੰਨੀ ਤੇ ਕਿਸ-ਕਿਸ ਵਿਭਾਗ ਵੱਲੋਂ ਦਿੱਤੀ ਗਈ ਸੀ;

ਅ) ਪਿੰਡ ਲਦਾਲ ਵਿੱਚ ਪਿਛਲੇ 2010 ਤੋਂ 2017 ਤੱਕ ਦੇ ਸਮੇਂ ਦੌਰਾਨ ਪੰਚਾਇਤ ਵੱਲੋਂ ਕੀਤੇ ਕੰਮਾਂ ਦੀ ਜਾਣਕਾਰੀ, ਬਿੱਲ, ਵਰਤੋਂ ਸਰਟੀਫਿਕੇਟ ਸਮੇਤ ਪੰਚਾਇਤ ਵਿਭਾਗ ਦੇ ਜੂਨੀਅਰ ਇੰਨੀਜੀਅਰ ਵੱਲੋਂ ਰਿਪੋਰਟਾਂ, ਅਤੇ ਐਮ.ਬੀ ਰਜਿਸਟਰਾਂ ਦੇ ਵੇਰਵੇ ਕੀ ਹਨ?

## ਮੁਕੇਰੀਆਂ ਸ਼ਹਿਰ ਵਿੱਚ ਕੂੜਾ ਕਰਕਟ ਸੁੱਟਣ ਦੀ ਵਿਵਸਥਾ

56. **ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮੁਕੇਰੀਆਂ ਸ਼ਹਿਰ ਦਾ ਕੂੜਾ ਕਰਕਟ ਸੁੱਟਣ ਲਈ ਕੋਈ ਸਰਕਾਰੀ ਜ਼ਮੀਨ ਦੀ ਵਿਵਸਥਾ ਕਰਨ ਲਈ ਵਿਚਾਰ ਕਰ ਰਹੀ ਹੈ; ਜੇਕਰ ਹੈ ਤਾਂ ਕਦੋਂ ਤੱਕ?

## ਸਕੂਲ ਅਧਿਆਪਕਾਂ ਦੀਆ ਰੈਗੂਲਰ ਨਿਯੁਕਤੀਆਂ

118. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਇਸ਼ਤਿਹਾਰ ਮਿਤੀ 21 ਅਕਤੂਬਰ, 2006 ਰਾਹੀਂ 2614 ਸਕੂਲ ਅਧਿਆਪਕਾਂ ਦੀਆਂ ਰੈਗੂਲਰ ਨਿਯੁਕਤੀਆਂ ਹੋਈਆਂ ਸਨ ਜਿਨ੍ਹਾਂ ਦਾ ਬੈਕਲਾਗ 2009 ਵਿੱਚ ਭਰਿਆ ਗਿਆ;

ਅ) ਜੇਕਰ ਉਪਰੋਕਤ ਭਾਗ (ੳ) ਦਾ ਜਵਾਬ ਹਾਂ ਵਿੱਚ ਹੋਵੇ ਤਾਂ ਸਾਲ 2006 ਵਿੱਚ ਅਤੇ 19.10.2009 ਤੋਂ ਪਹਿਲਾਂ ਜਿਨ੍ਹੇ ਵੀ ਪਛੜੀਆਂ ਸ਼੍ਰੇਣੀਆਂ ਦੇ ਵਿਅਕਤੀ ਨਿਯੁਕਤ ਕੀਤੇ ਗਏ ਉਨ੍ਹਾਂ ਦੇ ਸਰਟੀਫਿਕੇਟ, ਬਿਨੈ ਪੱਤਰਾਂ ਅਤੇ ਸਾਰੇ ਦਸਤਾਵੇਜ਼ਾਂ ਦੇ ਵੇਰਵੇ ਕੀ ਹਨ?

## ਹਲਕਾ ਮੁਕੇਰੀਆਂ ਅਧੀਨ ਪੈਂਦੀਆ ਸੜਕਾਂ ਦੀ ਮੁਰੰਮਤ

53. **ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਮੁਕੇਰੀਆਂ ਅਧੀਨ ਪੈਂਦੀਆਂ ਸੜਕਾਂ ਹਾਜੀਪੁਰ ਤੋਂ ਸਰਿਆਣਾ, ਮਾਨਸਰ ਤੋਂ ਟਾਂਡਾ ਚੂਹੜੀਆਂ, ਪਨਖੂਹ ਤੋਂ ਟਾਂਡਾ ਚੂਹੜੀਆਂ ਵਾਇਆ ਬੁੱਢਾਬੜ ਦੀ ਮੁਰੰਮਤ ਕਦੋਂ ਤੱਕ ਕਰ ਦਿੱਤੀ ਜਾਵੇਗੀ?

ਪਰਤੋਂ ਜੀ....

[redacted]



## ਹਰੀਕੇ ਪੱਤਣ ਵਿਖੇ ਜਲ-ਜੀਵਾਂ ਦਾ ਮਰਨਾ

91. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 27 ਮਾਰਚ 2017 ਨੂੰ ਹਰੀਕੇ ਪੱਤਣ ਵਿਖੇ ਪਾਣੀ 30, 000 ਕਿਊਸਕ ਤੋਂ ਘਟਾ ਕੇ 3770 ਕਿਊਸਕ ਕਰਨ ਕਾਰਨ ਦੁਰਲਭ ਪਰਜ਼ਾਤੀ ਦੀਆਂ ਡੋਲਫਿੰਲ ਮੱਛੀਆਂ, ਆਮ ਮੱਛੀਆਂ, ਕੱਛੂ ਕੁੰਮਿਆਂ ਅਤੇ ਹੋਰ ਜੀਵ ਜੰਤੂਆਂ ਦੇ ਮਰਨ ਕਰਕੇ ਕਾਫੀ ਨੁਕਸਾਨ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੁਕਸਾਨ ਦੇ ਲਈ ਕੋਣ ਜ਼ਿੰਮੇਵਾਰ ਹੈ ਅਤੇ ਭਵਿੱਖ ਵਿਚ ਅਜਿਹੇ ਨੁਕਸਾਨ ਤੋਂ ਬਚਣ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ?

## ਅਧਿਆਪਕਾਂ ਲਈ ਇਨ-ਸਰਵਿਸ ਟ੍ਰੇਨਿੰਗ

92. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਅਧਿਆਪਕਾਂ ਨੂੰ ਇਨ-ਸਰਵਿਸ ਟਰੇਨਿੰਗ ਦੇਣ ਲਈ ਮਾਸਟਰ ਰਿਸੋਰਸ ਪਰਸਨ ਜ਼ੋ ਪੰਜਾਬ ਦੇ ਵੱਖ ਵੱਖ ਸਕੂਲਾਂ ਵਿਚੋ ਨਵਬੰਰ ਤੋਂ ਮਾਰਚ ਮਹੀਨੇ ਦੌਰਾਨ ਬੁਲਾਏ ਗਏ ਸਨ, ਦੀ ਜ਼ਿਲ੍ਹਾ ਵਾਇਜ਼ ਗਿਣਤੀ ਕਿੰਨੀ ਸੀ ਅਤੇ ਕੀ ਇਨ੍ਹਾਂ ਦੀ ਥਾਂ ਤੇ ਬੱਚਿਆਂ ਨੂੰ ਪੜ੍ਹਾਉਣ ਲਈ ਬਦਲਵੇ ਪ੍ਰਬੰਧ ਕੀਤੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਹਰੇਕ ਮਾਸਟਰ ਰਿਸੋਰਸ ਪਰਸਨ ਦਾ ਵਿਸ਼ਾ ਅਤੇ ਇਸ ਦੀ ਥਾਂ ਤੇ ਕੀਤੇ ਬਦਲਵੇ ਪ੍ਰਬੰਧ ਵਾਲੇ ਅਧਿਆਪਕ ਦਾ ਵਿਸ਼ਾ ਕੀ ਸੀ;

**ਅ)** ਕੀ ਪੰਜਾਬ ਸਰਕਾਰ ਨੇ ਕਦੇ ਸਟੇਟ ਕਾਊਂਸਲ ਫਾਰ ਐਜੂਕੇਸ਼ਨ ਰਿਸਰਚ ਐਂਡ ਟਰੇਨਿੰਗ ਸੰਸਥਾ ਦਾ ਵਿੱਤੀ ਆਡਿਟ ਕਰਵਾਇਆ ਹੈ; ਜੇਕਰ ਕਰਵਾਇਆ ਹੈ ਤਾਂ ਸਾਲ 2015-16 ਅਤੇ 2016-17 ਦੀ ਆਡਿਟ ਰਿਪੋਰਟ ਦੀ ਕਾਪੀ ਸਦਨ ਦੀ ਮੇਜ਼ ਉੱਤੇ ਰੱਖੀ ਜਾਵੇ?

ਚੰਡੀਗੜ੍ਹ
ਮਿਤੀ 20 ਜੂਨ, 2017

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।